ਦਫਤਰ ਜ਼ਿਲ੍ਹਾ ਮੈਜਿਸਟਰੇਟ,ਬਰਨਾਲਾ
(ਫੁਟਕਲ ਸ਼ਾਖਾ)

ਨੰ: 257 /ਐਮ.ਏ./2020 ਮਿਤੀ 07/05/2020

## ਹੁਕਮ

ਭਾਰਤ ਸਰਕਾਰ, ਗ੍ਰਹਿ ਮੰਤਰਾਲਾ, ਨਵੀਂ ਦਿਲੀ ਦੀਆਂ ਲਾਕਡਾਊਨ ਸਬੰਧੀ ਗਾਈਡ-ਲਾਈਨਜ਼ ਦੇ ਮੱਦੇ-ਨਜ਼ਰ ਆਬਕਾਰੀ ਤੇ ਕਰ ਵਿਭਾਗ ਨੇ ਆਪਣੇ ਪੱਤਰ ਨੰ: ਅ-1-2020/2850-2882 ਮਿਤੀ 5.5.2020 ਰਾਹੀਂ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਮਿਤੀ 07.05.2020 ਤੋਂ ਲਿਕੁਅਰ ਵੈਂਡਜ਼ ਖੋਲਣ ਦਾ ਫੈਸਲਾ ਕੀਤਾ ਹੈ ।ਮੌਜੂਦਾ ਸਮੇਂ ਦੌਰਾਨ ਕੋਵਿਡ-19 ਦੇ ਪ੍ਰਕੋਪ ਸਦਕਾ Social Distancing ਕਾਇਮ ਰੱਖਣ ਲਈ ਲਾਕਡਾਊਨ ਦੇ ਸਮੇਂ ਦੌਰਾਨ ਲਾਇਸੰਸੀਆਂ ਨੂੰ ਸ਼ਰਾਬ ਦੀ home delivery ਕਰਨ ਦੀ ਆਗਿਆ ਵੀ ਦਿੱਤੀ ਗਈ ਹੈ।

ਇਸ ਲਈ, ਮੈ, ਤੇਜ਼ ਪ੍ਰਤਾਪ ਸਿੰਘ, ਫੂਲਕਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ ਹੇਠ-ਲਿਖੇ ਅਨੁਸਾਰ ਹੁਕਮ ਕਰਦਾ ਹਾਂ:-

(1) ਲਿਕੁਅਰ ਵੈਂਡਜ਼ ਤੇ ਕਾਉਂਟਰ ਸੇਲ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਹੋਵੇਗੀ ;

(2) ਲਿਕੁਅਰ ਦੀ ਹੋਮ ਡਲਿਵਰੀ ਬਾਅਦ ਦੁਪਹਿਰ 3:00 ਵਜੇ ਤੋਂ ਸ਼ਾਮ 6:00 ਵਜੇ ਤੱਕ ਕੀਤੀ ਜਾ ਸਕਦੀ ਹੈ ;

(3) ਲਿਕੁਅਰ ਦੀ ਹੋਮ ਡਲਿਵਰੀ ਕਰਨ ਹਿੱਤ ਵੱਖ-ਵੱਖ ਗਰੁੱਪਾ ਦੇ ਵਿਅੱਕਤੀਆਂ ਨੂੰ ਪਹਿਚਾਣ ਪੱਤਰ ਅਤੇ ਕਰਫਿਊ ਪਾਸ ਜਾਰੀ ਕਰਨ ਹਿੱਤ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਬਰਨਾਲਾ ਨੂੰ ਅਧਿਕਾਰਤ ਕੀਤਾ ਜਾਂਦਾ ਹੈ । ਆਬਕਾਰੀ ਤੇ ਕਰ ਵਿਭਾਗ ਦੀਆਂ ਹਦਾਇਤਾਂ ਨੂੰ ਲਾਗੂ ਕਰਵਾਉਣ ਲਈ ਉਪ ਆਬਕਾਰੀ ਤੇ ਕਰ ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ ਜਿਮੇਵਾਰ ਹੋਣਗੇ ;

(4) ਕੋਈ ਵੀ ਲਿਕੁਅਰ ਵੈਂਡ ਕੰਟੇਨਮੈਂਟ ਜ਼ੋਨ/ਹਾਟ-ਸਪਾਟ ਏਰੀਏ ਵਿੱਚ ਖੋਲ੍ਹਣ ਦੀ ਆਗਿਆ ਨਹੀਂ ਹੋਵੇਗੀ ;

(5) ਲਾਇਸੰਸੀ ਵਲੋਂ ਲਿਕੁਅਰ ਦੀ ਵਿਕਰੀ ਸਮੇ ਕੋਵਿਡ-19 ਸਬੰਧੀ ਜਾਰੀ ਕੀਤੀਆਂ ਗਈਆਂ ਸਾਰੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ, ਜਿਵੇਂ ਕਿ ਮੁਲਾਜ਼ਮਾਂ ਦਰਮਿਆਨ Social distancing ਮੇਨਟੇਨ ਕਰਨੀ, ਦੁਕਾਨ ਦੇ ਬਾਹਰ ਪੰਜ ਤੋਂ ਜ਼ਿਆਦਾ ਵਿਅੱਕਤੀ ਇਕ ਸਮੇਂ ਤੇ ਇੱਕਠੇ ਨਾ ਹੋਣ ਦੇਣਾ, Social distancing ਲਈ ਜ਼ਮੀਨ ਤੇ ਨਿਸ਼ਾਨ ਲਗਾਏ ਜਾਣੇ, ਆਪਣੇ ਵੈਂਡ ਉਤੇ ਸੈਨੇਟਾਈਜ਼ਰ ਅਤੇ ਹੋਰ ਸੈਨੇਟਾਈਜ਼ਿੰਗ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣਾ ਆਦਿ;

(6) ਲਿਕੁਅਰ ਦੀ ਟਰਾਂਸਪੋਰਟੇਸ਼ਨ goods movement ਵਾਂਗ ਹੀ ਹੋਵੇਗੀ;

(7) ਅਹਾਤੇ ਨਹੀਂ ਖੋਲ੍ਹੇ ਜਾਣਗੇ। ਸਿਰਫ਼ ਲਿਕੁਅਰ ਵੈਂਡਜ਼ ਹੀ ਖੋਲ੍ਹੇ ਜਾਣਗੇ;

ਇਹ ਹੁਕਮ ਮਿਤੀ 07.05.2020 ਤੋਂ ਲਾਗੂ ਹੋਣਗੇ।

ਜ਼ਿਲ੍ਹਾ ਮੈਜਿਸਟਰੇਟ,
ਬਰਨਾਲਾ।

ਸਥਾਨ ਬਰਨਾਲਾ
ਮਿਤੀ

ਪਿ:ਅੰ:ਨੰ: 8530-8537/ਐਮ.ਏ/2020 ਮਿਤੀ 07/05/2020

ਉਪਰੋਕਤ ਦਾ ਇਕ ਉਤਾਰਾ ਹੇਠ-ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਾਨਯੋਗ ਮੁੱਖ ਸਕੱਤਰ,ਪੰਜਾਬ ਸਰਕਾਰ;
2) ਮਾਨਯੋਗ ਵਧੀਕ ਮੁੱਖ ਸਕੱਤਰ,ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ;
3) ਆਬਕਾਰੀ ਤੇ ਕਰ ਕਮਿਸ਼ਨਰ,ਪੰਜਾਬ;
4) ਸੀਨੀਅਰ ਪੁਲਿਸ ਕਪਤਾਨ,ਬਰਨਾਲਾ;
5) ਸਮੂਹ ਉਪ ਮੰਡਲ ਮੈਜਿਸਟਰੇਟਸ, ਜ਼ਿਲ੍ਹਾ ਬਰਨਾਲਾ;
6) ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਬਰਨਾਲਾ
7) ਉਪ ਆਬਕਾਰੀ ਤੇ ਕਰ ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ;

ਜ਼ਿਲ੍ਹਾ ਮੈਜਿਸਟਰੇਟ
ਬਰਨਾਲਾ

ਜ਼ਿਲ੍ਹਾ ਮੈਜਿਸਟਰੇਟ,
ਬਰਨਾਲਾ।

Scanned by CamScanner

Scanned with CamScanner